ਬਾਬੂ ਦੇਵਕੀ ਨੰਦਨ ਖਤਰੀ ਬਨਾਰਸ ਦੀ

ਪੁਸਤਕ ਨੰ: ੧੯

چندر کانتا

# ਚੰਦ੍ਰ ਕਾਂਤਾ

G-931

## ਸੰਤਤ ਭਾਗ ਚੌਦਵਾਂ (੧੪)



ਪ੍ਰਕਾਸ਼ਕ ਤੇ ਉਲਥਾਕਾਰ

**ਭਾਈ ਸੁੰਦਰ ਸਿੰਘ ਹਕੀਮ ਚੌਂਕ ਬਾਬਾ ਅਟਲ**

ਅੰਮ੍ਰਿਤਸਰ

# ਚੰਦ੍ਰਕਾਂਤਾ ਸੰਤਤਿ ਚੌਧਵਾਂ ਭਾਗ

## ਪਹਿਲਾ ਕਾਂਡ

ਧੰਨੂੰ ਸਿੰਘ ਦੀਆਂ ਗਲਾਂ ਨੇ ਸ਼ਿਵਦੱਤ ਨੂੰ ਅਤੇ ਕਲਜਾਣ ਸਿੰਘ ਨੂੰ ਅਜੇਹਾ ਘਬਰਾ ਦਿਤਾ ਕਿ ਉਨਾਂ ਦੇ ਮੂੰਹੋਂ ਗਲ ਨਿਕਲਨੀ ਔਖੀ ਹੋ ਗਈ, ਸ਼ਿਵਦੱਤ ਚਾਹੁੰਦਾ ਸੀ ਕਿ ਕਛ ਚਿਰ ਦੀ ਪੂਰੀ ਮੋਹਲਤ ਮਿਲੇ ਤਾਂ ਮਨੋਰਮਾਂ ਤੋਂ ਉਸਦੀ ਭੈਣ ਦਾ ਹਾਲ ਪੁਛੀਏ, ਪਰ ਉਸੇ ਵੇਲੇ ਘਬਰਾਈ ਹੋਈ ਮਨੋਰਮਾਂ ਭੀ ਆ ਪਹੁੰਚੀ ਅਰ ਉਸਨੇ ਜੋ ਕੁਛ ਕਿਹਾ ਓਹ ਭੀ ਵਿਆਕੁਲ ਕਰ ਦੇਣ ਵਾਲੀ ਗਲ ਸੀ। ਸ਼ਿਵਦੱਤ ਨੇ ਮਨੋਰਮਾਂ ਨੂੰ ਪੁਛਿਆ ਕੀ ਤੂੰ ਆਪਣੀ ਅੱਖੀਂ ਭੂਤਨਾਥ ਨੂੰ ਦੇਖਿਆ ਹੈ ?

ਮਨੋਰਮਾਂ—ਹਾਂ, ਮੈਂ ਆਪ ਦੇਖਿਆ ਹੈ ਅਰ ਓਹ ਗਲ ਉਸਨੇ ਮੈਨੂੰ ਹੀ ਕਹੀ ਸੀ।

ਸ਼ਿਵਦੱਤ—ਕੀ ਓਹ ਤੇਰੀ ਪਾਲਕੀ ਦੇ ਪਾਸ ਆਯਾ ਸੀ?

ਮਨੋਰਮਾਂ—ਹਾਂ ਮੈਂ ਤੇ ਮਾਧਵੀ ਗਲਾਂ ਕਰ ਰਹੀਆਂ ਸਾਂ ਓਹ ਨਿੱਡਰ ਹੋਕੇ ਸਾਡੇ ਪਾਸ ਆਯਾ ਤੇ ਧਮਕਾ ਕੇ ਚਲਾ ਗਿਆ।

ਸ਼ਿਵਦੱਤ—ਤੂੰ ਉਨਾਂ ਨੂੰ ਕਿਉਂ ਨਾ ਅਵਾਜ਼ ਮਾਰੀ ?

ਮਨੋਰਮਾਂ—ਕੀ ਆਪ ਭੂਤਨਾਥ ਨੂੰ ਨਹੀਂ ਜਾਣਦੇ ? ਜੋ ਓਹ ਕਿਹਾ ਭਿਆਨਕ ਆਦਮੀ ਹੈ? ਕੀ ਉਹ ਦੋ ਚਾਰ ਆਦਮੀ ਜੋ ਮੇਰੀ ਪਾਲਕੀ ਦੇ ਪਾਸ ਸਨ ਭੂਤਨਾਥ ਨੂੰ ਫੜ ਸਕਦੇ ਸਨ?

ਸ਼ਿਵਦੱਤ—ਠੀਕ ਹੈ ਓਹ ਬੜਾ ਹੀ ਭਯੰਕਰ ਏਯਾਰ ਹੈ ਦੋ ਚਾਰ ਕੀ ਪੰਜ ਦਸ ਆਦਮੀ ਭੀ ਉਸਨੂੰ ਨਹੀਂ ਫੜ ਸਕਦੇ,

ਮੈਂ ਤਾਂ ਉਸਦੇ ਨਾਉਂ ਤੋਂ ਕੰਬਦਾ ਹਾਂ, ਉਫ! ਓਹ ਵੇਲਾ ਮੈਨੂੰ ਕਦੇ ਨਹੀਂ ਭੁਲ ਸਕਦਾ ਜਦ ਉਸਨੇ (ਤੂਹ) ਬਣਕੇ ਮੈਨੂੰ ਕਾਬੂ ਕਰ ਲਿਆ ਸੀ ਅਰ ਅਪਣੇ ਚੇਲੇ ਨੂੰ ਇਸ ਤਰਾਂ †ਭੀਮਸੈਨ ਦੀ ਸੂਰਤ ਬਣਾਇਆ ਕਿ ਮੈਂ ਉਸਨੂੰ ਪਛਾਣ ਨਾ ਸਕਿਆ ਪਰ ਬੜੇ ਅਸਚਰਜ ਦੀ ਗਲ ਹੈ ਕਿ ਅਜ ਓਹ ਤੈਨੂੰ ਅਪਣੀਅਸਲੀ ਸੂਰਤ ਵਿਚ ਦਿਸਿਆ ਉਸਦਾ ਇਸ ਤਰਾਂ ਆਉਣਾ ਕੋਈ ਸਾਧਾਰਣ ਗਲ ਨਹੀਂ।

ਮਨੋਰਮਾ—ਜਿਤਨਾ ਹਾਲ ਉਸਦਾ ਮੈਂ ਜਾਣਦੀਹਾਂ ਆਪ ਉਸਦਾ ਸੋਲਵਾਂ ਹਿਸਾ ਭੀ ਨਹੀਂ ਜਾਣਦੇ ਹੋਵੋਗੇ, ਏਹੋ ਕਾਰਨ ਹੈ ਕਿ ਆਪ ਇਸ ਵੇਲੇ ਡਰ ਨਾਲ ਮੇਰਾ ਕਲੇਜਾ ਕੰਬ ਰਿਹਾ ਹੈ, ਜਿਥੋਂ ਤਕ ਮੈਂ ਸੋਚਦੀ ਹਾਂ ਓਹ ਅਕੱਲਾ ਨਹੀਂ ਹੈ।

ਸ਼ਿਵਦੱਤ—ਨਹੀਂ ਨਹੀਂ ਓਹ ਇਕੱਲਾ ਨਹੀਂ ਹੋਵੇਗਾ (ਧੰਨੂੰ ਸਿੰਘ ਵਲ ਸੈਨਤ ਕਰਕੇ) ਇਸਨੇ ਭੀ ਇਕ ਏਹੋ ਜੇਹੀ ਭਯਾਨਕ ਖਬਰ ਸੁਨਾਈ ਹੈ।

ਮਨੋਰਮਾਂ—(ਅਚੰਭੇ ਨਾਲ) ਓਹ ਕੀ?

ਸ਼ਿਵਦਤ—ਇਹ ਗਲ ਧੰਨੂੰ ਸਿੰਘ ਦੀ ਜਬਾਨੀ ਸੁਣਨੀ ਠੀਕ ਹੈ (ਧੰਨੂੰ ਸਿੰਘ ਨੂੰ) ਹਾਂ ਤੂੰ ਜਰਾ ਫੇਰ ਓਹ ਗਲ ਸੁਣਾ।

ਧੰਨੂੰ ਸਿੰਘ ਨੇ ਬਹੁਤ ਹਛਾ ਕਹਿਕੇ ਓਸੇ ਗਲ ਨੂੰ ਦੋਹਰਾਕੇ ਅਜੇਹੇ ਢੰਗ ਨਾਲ ਕਿਹਾ ਕਿ ਮਨੋਰਮਾਂ ਦਾ ਕਲੇਜਾ ਕੰਬ ਉਠਿਆ ਅਰ ਸ਼ਿਵਦੱਤ ਤੇ ਕਲਯਾਨ ਸਿੰਘ ਪਰ ਭੀ ਅਗੇ ਤੋਂ ਵਧੀਕ ਅਸਰ ਹੋਇਆ।

---

†ਦੇਖੋ ਚੰਦ੍ਰਕਾਂਤਾ ਸੰਤਤਿ ਭਾਗ ਛੇਵਾਂ ਕਾਂਡ ਦੂਸਰਾ।



ਸ਼ਿਵਦੱਤ—(ਮਨੋਰਮਾਂ ਨੂੰ) ਠੀਕ ਓਹ ਤੇਰੀ ਭੈਣ ਹੈ?

ਮਨੋਰਮਾ—ਰਾਮ ਰਾਮ, ਭੁਲਾ ਅਜੇਹੀ ਰਾਖਸ਼ਨੀ ਮੇਰੀ ਭੈਣ? ਮੈਂ ਤਾਂ ਹਾਂ ਅਕੱਲੀ ਨਾ ਮੇਰੀ ਕੋਈ ਭੈਣ ਹੈ ਨਾ ਭਰਾ।

ਧੰਨੂੰ—ਤਾਂ ਜਰਾ ਦੀ ਜਰਾ ਤੁਸੀ ਓਸਦੇ ਪਾਸ ਹੋ ਆਓ ਅਰ ਜੋ ਕੁਛ ਓਹ ਪੁਛੇ ਦਸ ਆਓ।

ਮਨੋਰਮਾ—(ਗੁਸੇ ਨਾਲ) ਮੈਨੂੰ ਓਸ ਦੇ ਪਾਸ ਜਾਣ ਦੀ ਕੀ ਲੋੜ ਹੈ? ਜਾਕੇ ਕਹਿ ਦੇਹ ਕਿ ਮਨੋਰਮਾਂ ਨਹੀਂ ਔਂਦੀ।

ਧੰਨੂੰ—(ਅਪਣੀ ਅੰਗ ਪਾਲਤਾ ਦਸਦਾ ਹੋਯਾ) ਮਲੂਮ ਹੁੰਦਾ ਹੈ ਕਿ ਤੂੰ ਆਪਣੇ ਨਾਲ ਸਾਡੇ ਮਾਲਕਾਂ ਤੇ ਭੀ ਵਿਪਤਾ ਲਿਔਣੀ ਚਾਹੁੰਦੀ ਹੈਂ? (ਸ਼ਿਵਦਤ ਨੂੰ) ਮਹਾਰਾਜ ਓਸ ਰਾਖਸ਼ਨੀ ਨੇ ਜਿਨੀਆਂ ਗਲਾਂ ਮੈਨੂੰ ਕਹੀਆਂ ਹਨ ਮੈਂ ਅਦਬ ਕਾਰਨ ਆਖ ਨਹੀਂ ਸਕਦਾ ਇਕ ਗਲ ਆਪਨੂੰ ਹੀ ਕਹਿਣਾ ਚਾਹੁੰਦਾ ਹਾਂ।

ਧੰਨੂੰ ਸਿੰਘ ਦੀਆਂ ਗਲਾਂ ਨਾਲ ਮਨਰਮਾਂ ਨੂੰ ਡਰ ਦੇ ਨਾਲ ਕ੍ਰੋਧ ਭੀ ਚੜ ਆਇ ਸਾ ਅਰ ਓਹ ਧੰਨੂੰ ਸਿੰਘ ਵਲ ਦੇਖਕੇ ਬੋਲੀ ਮਹਾਰਾਜ ਦਾ ਸ਼ੁਭਚਿੰਤਕ ਇਕ ਤੂੰ ਹੀ ਰਹਿ ਗਿਆ ਹੈਂ ਏਤਨੀ ਵਡੀ ਫੌਜ ਦੀ ਅਫਸਰੀ ਹੀ ਕਿਉਂ ਕਰਦਾ ਹੈਂ ਜੋ ਇਕ ਇਸਤਰੀ ਦੇ ਸਾਹਮਣੇ ਜਾਣੋਂ ਡਰਦਾ ਹੈਂ।

ਧੰਨੂੰ—ਹਿੰਮਤ ਤਾਂ ਲੱਖਾਂ ਆਦਮੀਆਂ ਵਿਚ ਜਾਕੇ ਤਲ-ਵਾਰ ਚਲਾਉਣ ਦੀ ਹੈ ਪਰ ਨਿਰਾ ਤੇਰੇ ਪਿਛੇ ਆਪਣੇ ਮਾਲਕਾਂ ਤੇ ਵਿਪਤਾ ਪਾਉਣ ਅਰ ਆਪਣੀ ਜਾਨ ਨੂੰ ਖਤਰੇ ਵਿਚ ਪੌਣ ਦਾ ਹੌਸਲਾ ਕੋਈ ਮੂਰਖ ਭੀ ਨਹੀਂ ਕਰ ਸਕਦਾ। (ਸ਼ਿਵਦੱਤ ਨੂੰ) ਫੇਰ ਭੀ ਜੇ ਮਹਾਰਾਜ ਆਗਿਆ ਦੇਣ ਤਾਂ ਮੈਂ ਤੁਰਤ ਮੰਨਣ ਨੂੰ

ਤਿਆਰ ਹਾਂ ਜੇ ਅੱਗ ਵਿਚ ਛਾਲ ਮਾਰਨ ਲਈ ਕਹਿਣ ਤਾਂ ਜੋ ਛਿਨ ਭਰ ਦੀ ਢਿੱਲ ਕਰੇ ਉਸਤੇ ਸੌ ਫਿਟਕਾਰ ਪਰ ਮੇਰੀ ਗਲ ਸੁਣਕੇ ਫੇਰ ਆਗਿਆ ਦੇਣ ।

ਇਹ ਸੁਣਕੇ ਸ਼ਿਵਦੱਤ ਉਠ ਖਲੋਤਾ ਅਰ ਧੰਨੂੰ ਸਿੰਘ ਨੂੰ ਆਪਣੇ ਪਿਛੇ ਆਉਣ ਦੀ ਸੈਨਤ ਕਰਕੇ ਆਪ ਏਤਨੀ ਦੂਰ ਚਲਾ ਗਿਆ ਕਿ ਉਨਾਂ ਦੀ ਗਲ ਕੋਈ ਸੁਣ ਨ ਸਕੇ ।

ਸ਼ਿਵਦੱਤ—ਹਾਂ ਧੰਨੂੰ ਸਿੰਘ ਦਸ ਕੀ ਗਲ ਹੈ ?

ਧੰਨੂੰ—ਮਹਾਰਾਜ ਖਿਮਾਂ ਕਰਨਾਂ ਮੈਂ ਸਰਕਾਰ ਦਾ ਲੂਣ ਖਾਂਦਾਹਾਂ ਇਸਲਈ ਆਪਦੀ ਭਲਿਆਈ ਬਿਨਾਂ ਮੈਨੂੰ ਹੋਰ ਕੁਛ ਨਹੀਂ ਸੁਝਦਾ, ਮੈਂ ਏਹ ਨਹੀਂ ਚਾਹੁੰਦਾ ਕਿ ਮਨੋਰਮਾਂ ਦੇ ਕਾਰਨ ਆਪਦੇ ਨਾਲ ਕੁਛ ਭਲਿਆਈ ਨਹੀਂ ਕਰ ਸਕਦੀ ਸਗੋਂ ਆਪ ਦੇ ਨਾਲ ਹੋਣ ਕਰਕੇ ਕੁਝ ਲਾਭ ਕੱਢਨਾ ਚਾਹੁੰਦੀ ਹੈ ਆਪ ਕਿਸ ਵਿਪਤਾ ਵਿਚ ਹੋ । ਮੈਂ ਸੱਚ ਕੈਂਹਦਾ ਹਾਂ ਓਹ ਭਿਆਨਕ ਇਸਤ੍ਰੀ ਕੋਈ ਸਾਧਾਰਨ ਨਹੀਂ ਮਲੂੰਮ ਹੁੰਦੀ ਉਸਨੇ ਸੌਂਹ ਖਾਕੇ ਕਿਹਾ ਸੀ ਮੈਂ ਕੇਵਲ ਇਕ ਪੈਹਰ ਤਕ ਸ਼ਿਵਦੱਤ ਦਾ ਲਿਹਾਜ਼ ਕਰਾਂਗੀ ਇਸਦੇ ਅੰਦਰ ਜੇ ਮਨੋਰਮਾ ਮੇਰੇ ਪਾਸ ਨਾ ਭੇਜੀਜਾਵੇਗੀ ਜਾਂ ਨਾ ਛੱਡ ਦਿਤੀ ਜਾਵੇਗੀ ਤਾਂ ਮੈਂ ਰਾਜਾ ਸ਼ਿਵਦੱਤ ਨੂੰ ਇਸ ਸੰਸਾਰ ਵਿਚ ਨਹੀ ਰਹਿਨ ਦੇਵਾਂਗੀ ਅਰ ਅਪਣੇ ਕੁਤਿਆਂ ਨੂੰ ਜੋ ਹਰ ਵੇਲੇ ਆਦਮੀ ਦੇ ਲਹੂ ਦੇ ਤਿਹਾਏ ਰੈਂਹਦੇ ਹਨ ਹੁਕਮ ਦੇਵਾਂਗੀ ਕਿ......ਬੱਸ ਮਹਾਰਾਜ ਮੇਰੀ ਜ਼ਬਾਨ ਇਸਤੋਂ ਵਧੀਕ ਹੋਰ ਕੁਛ ਨਹੀਂ ਕਹਿ ਸਕਦੀ (ਕੰਬ ਕੇ) ਉਫ ਅਜੇਹੇ ਭਿਆਨਕ ਕੁੱਤੇ ਹੋ ਸ਼ੇਰ ਦਾ ਭੀ ਕਲੇਜਾ ਕੱਢਕੇ ਖਾ ਜਾਣ (ਰੁਕ ਕੇ) ਫੇਰ ਮਨੋਰਮਾਂ



ਦੀ ਜ਼ਬਾਨੀ ਭੀ ਆਪ ਸੁਣ ਚੁਕੇ ਹੋ ਕਿ ਭੂਤਨਾਥ ਅੱਚਣਚੇਤ ਏਥੇ ਆਕੇ ਮਨੋਰਮਾਂ ਨੂੰ ਡਰਾ ਗਿਆ ਹੈ (ਹੱਥ ਜੋੜਕੇ) ਏਸੇ ਵਾਸਤੇ ਮੈਂ ਬੇਨਤੀ ਕਰਦਾ ਹਾਂ ਕਿ ਕਿਸੇ ਨਾ ਕਿਸੇ ਤਰਾਂ ਮਨੋਰਮਾਂ ਨੂੰ ਵੱਖ ਕਰ ਦੇਵੋ । ਮਹਾਰਾਜ ਚੰਗੀਤਰਾਂ ਜਾਣਦੇ ਹਨ ਕਿ ਜਿਸ ਲਈ ਜਾ ਰਹੇ ਹਾਂ ਉਸ ਵਿਚ ਕੌਰ ਕਲਜਾਣ ਸਿੰਘ ਦੇ ਬਿਨਾਂ ਹੋਰ ਕੋਈ ਕੁਛ ਸਹਾਇਤਾ ਨਹੀਂ ਕਰ ਸਕਦਾ, ਫੇਰ ਇਕ ਨਿਕੰਮੀ ਇਸਤਰੀ ਵਾਸਤੇ ਆਪਣਾ ਹਰਜ ਕਰਨਾ ਠੀਕ ਨਹੀਂ ਅਗੇ ਮਹਾਰਾਜ ਮਾਲਕ ਹਨ ਜੋ ਚਾਹੁਣ ਸੋ ਕਰਨ ।

ਸ਼ਿਵਦੱਤ—ਤੇਰਾ ਕਹਿਣਾ ਬਹੁਤ ਠੀਕ ਹੈ ਮੈਂ ਭੀ ਏਹੋ ਸੋਚ ਰਿਹਾ ਸੀ ਕਿ......। ਜਿਸ ਥਾਂ ਇਹ ਦੋਵੇਂ ਖਲੋਤੇ ਹੋਏ ਸਨ ਹੋਰ ਓਥੇ ਕੋਈ ਨਹੀਂ ਸੀ ਅਜੇ ਸ਼ਿਵਦੱਤ ਦੀ ਗਲ ਪੂਰੀ ਭੀ ਨਹੀਂ ਹੋਈ ਸੀ ਕਿ ਅਚਾਨਕ ਭੂਤਨਾਥ ਓਥੇ ਆ ਪਹੁੰਚਾ ਅਰ ਸ਼ਿਵਦੱਤ ਵਲ ਦੇਖਕੇ ਕੜਕ ਕੇ ਬੋਲਿਆ—ਇਸ ਹਨੇਰੇ ਵਿਚ ਤੁਸੀਂ ਮੈਨੂੰ ਨਾ ਪਛਾਣ ਸਕੋ ਇਸ ਵਾਸਤੇ ਮੈਂ ਆਪਣਾ ਨਾਉਂ ਭੂਤਨਾਥ ਦਸਕੇ ਤੁਹਾਨੂ ਹੋਸ਼ਯਾਰ ਕਰਦਾ ਹਾਂ ਇਕ ਘੰਟੇ ਦੇ ਅੰਦਰ ੨ ਮੇਰਾ ਭੋਜਨ ਮਨੋਰਮਾ ਮੇਰੇ ਹਵਾਲੇ ਕਰ ਦੇਵੋ ਜਾਂ ਉਸਦਾ ਸਾਥ ਛਡ ਦੇਵੋ ਨਹੀਂ ਤਾਂ ਮੈਂ ਤੁਹਾਨੂ ਜੀਉਂਦੇ ਨਹੀਂ ਛਡਾਂਗਾ । ਇਹ ਕਹਿਕੇ ਭੂਤਨਾਥ ਓਥੋਂ ਤੁਰਦਾ ਹੋਇਆ ਅਰ ਸ਼ਿਵਦੱਤ ਉਸ ਵਲ ਦੇਖਦਾ ਹੀ ਰਹਿ ਗਿਆ ।

ਸ਼ਿਵਦੱਤ ਇਕ ਵਾਰੀ ਭੂਤਨਾਥ ਦੇ ਹਥ ਵੇਖ ਚੁਕਾ ਸੀ ਅਰ ਭੂਤ ਨਾਥ ਨੇ ਜੋ ਕੁਛ ਉਸਦੇ ਨਾਲ ਕੀਤਾ ਸੀ ਉਸ ਨੂੰ ਕਦੇ ਨਹੀਂ ਭੁਲ ਸਕਦਾ ਸੀ ਸਗੋਂ ਭੂਤ ਨਾਥ ਦਾ ਨਾਉਂ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.